GOVERNMENT OF WESTERN AUSTRALIA

PathWest LABORATORY MEDICINE WA



# ਗਰੁੱਪ ਬੀ ਸਟ੍ਰੈਪਟੋਕਾਕਸ ਦਾ ਪਤਾ ਲਗਾਉਣ ਲਈ ਜਣਨ ਅੰਗਾਂ ਦਾ ਸਵੈਬ

ਕੋਈ ਬੁਕਿੰਗ ਦੀ ਲੋੜ ਨਹੀਂ

Punjabi | ਪੰਜਾਬੀ

ਜੇਕਰ ਤੁਸੀਂ ਘਰ ਵਿੱਚ ਨਮੂਨਾ ਇਕੱਠਾ ਕਰ ਰਹੇ ਹੋ, ਤਾਂ ਇਸਨੂੰ ਜਲਦੀ ਤੋਂ ਜਲਦੀ ਪਾਥਵੈਸਟ ਕਲੈਕਸ਼ਨ ਸੈਂਟਰ ਲੈ ਜਾਓ। ਜੇਕਰ ਤੁਰੰਤ ਡਿਲੀਵਰੀ ਸੰਭਵ ਨਹੀਂ ਹੈ, ਤਾਂ ਨਮੂਨੇ ਨੂੰ ਕਮਰੇ ਦੇ ਤਾਪਮਾਨ 'ਤੇ (ਫਰਿੱਜ ਜਾਂ ਫ੍ਰੀਜ਼ਰ ਵਿੱਚ ਨਹੀਂ) 24 ਘੰਟਿਆਂ ਤੱਕ ਸਟੋਰ ਕਰੋ।

ਟਿਕਾਣਿਆਂ ਲਈ ਸਕੈਨ ਕਰੋ


## ਆਪਣਾ ਨਮੂਨਾ ਕਿਵੇਂ ਇਕੱਠਾ ਕਰਨਾ ਹੈ

1. ਆਪਣੇ ਡਾਕਟਰ ਜਾਂ ਨਜ਼ਦੀਕੀ ਪਾਥਵੈਸਟ ਕਲੈਕਸ਼ਨ ਸੈਂਟਰ ਤੋਂ ਇੱਕ ਸਵੈਬ ਲਓ ਅਤੇ ਟਿਊਬ 'ਤੇ ਆਪਣਾ ਪੂਰਾ ਨਾਮ, ਜਨਮ ਮਿਤੀ, ਮਿਤੀ, ਕਲੈਕਸ਼ਨ ਦਾ ਸਮਾਂ ਅਤੇ "LVS & Rectal" ਲੇਬਲ ਲਗਾਓ।


2. ਨਮੂਨਾ ਲੈਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ ਅਤੇ ਸੁਕਾ ਲਓ।

3. ਸਵੈਬ ਪੈਕੇਜ ਨੂੰ ਧਿਆਨ ਨਾਲ ਖੋਲ੍ਹੋ, ਇਹ ਯਕੀਨੀ ਬਣਾਉਂਦੇ ਹੋਏ ਕਿ ਸਵੈਬ ਦੀ ਰੂੰ ਦੀ ਨੋਕ ਨੂੰ ਨਾ ਛੂਹੋ, ਅਤੇ ਬੈਠ ਕੇ ਜਾਂ ਖੜ੍ਹੇ ਹੋ ਕੇ ਇੱਕ ਆਰਾਮਦਾਇਕ ਸਥਿਤੀ ਲੱਭੋ।

4. ਲੇਬੀਆ ਨੂੰ ਵੱਖ ਕਰੋ ਅਤੇ ਨਰਮੀ ਨਾਲ ਯੋਨੀ ਵਿੱਚ 2 ਸੈਂਟੀਮੀਟਰ (ਇੱਕ ਉਂਗਲੀ ਦੇ ਜੋੜ ਦੀ ਲੰਬਾਈ ਦੇ ਬਰਾਬਰ) ਪਾਓ। ਢੁਕਵਾਂ ਨਮੂਨਾ ਇਕੱਠਾ ਕਰਨ ਲਈ 30 ਸਕਿੰਟਾਂ ਲਈ ਸਵੈਬ ਨੂੰ ਹੌਲੀ-ਹੌਲੀ ਘੁਮਾਓ।




5. ਸਵੈਬ ਨੂੰ ਬਾਹਰ ਕੱਢੋ, ਫਿਰ ਇਸਨੂੰ ਗੁਦਾ ਦੇ ਸਫਿੰਕਟਰ ਰਾਹੀਂ 2 ਸੈਂਟੀਮੀਟਰ ਗੁਦਾ ਵਿੱਚ ਪਾਓ, ਸਵੈਬ ਨੂੰ ਹੌਲੀ-ਹੌਲੀ ਹੋਰ 10 ਸਕਿੰਟਾਂ ਲਈ ਘੁੰਮਾਓ।




6. ਸਵੈਬ ਨੂੰ ਬਾਹਰ ਕੱਢੋ, ਇਸਨੂੰ ਸਿੱਧਾ ਇਸਦੇ ਡੱਬੇ ਵਿੱਚ ਰੱਖੋ ਅਤੇ ਆਪਣੇ ਹੱਥ ਧੋਵੋ।

7. ਕੰਟੇਨਰ ਨੂੰ ਦਿੱਤੇ ਗਏ ਪਲਾਸਟਿਕ ਬੈਗ ਵਿੱਚ ਰੱਖੋ ਅਤੇ ਜੇਕਰ ਤੁਸੀਂ ਕਲੈਕਸ਼ਨ ਸੈਂਟਰ ਵਿੱਚ ਹੋ ਤਾਂ ਇਸਨੂੰ ਪਾਥਵੈਸਟ ਕੁਲੈਕਟਰ ਨੂੰ ਦੇ ਦਿਓ।

ਬੇਦਾਅਵਾ: ਇਹ ਪ੍ਰਕਾਸ਼ਨ ਆਮ ਸਿੱਖਿਆ ਅਤੇ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਕਿਸੇ ਵੀ ਲੋੜੀਂਦੀ ਡਾਕਟਰੀ ਸਲਾਹ ਲਈ ਕਿਸੇ ਯੋਗਤਾ ਪ੍ਰਾਪਤ ਸਿਹਤ ਸੰਭਾਲ ਪੇਸ਼ੇਵਰ ਨਾਲ ਸੰਪਰਕ ਕਰੋ।
© ਪੱਛਮੀ ਆਸਟ੍ਰੇਲੀਆ ਰਾਜ, ਪਾਥਵੈਸਟ ਲੈਬਾਰਟਰੀ ਮੈਡੀਸਨ WA 2026